# ਪ੍ਰਸ਼ਨ - ਪੱਤਰ ਦੀ ਰੂਪ- ਰੇਖਾ

## ਪੇਪਰ - ਸੈਂਟਰ ਲਈ ਵਿਸ਼ੇਸ਼ ਹਿਦਾਇਤਾਂ
## ਪੰਜਾਬੀ ਪੇਪਰ- ਬੀ
## ਸ਼੍ਰੇਣੀ ਦਸਵੀਂ
## ਸੈਸ਼ਨ 2020-21

**ਲਿਖਤੀ=65 ਅੰਕ**
**ਆਂਤਰਿਕ ਮੁਲਾਂਕਣ=10 ਅੰਕ**
**ਕੁੱਲ=75 ਅੰਕ**

| | | |
|---|---|---|
| ਪ੍ਰ.1 | ਸੁੰਦਰ ਲਿਖਾਈ ਦੇ ਅੰਕ | 05 ਅੰਕ |
| ਪ੍ਰ.2 | ਵਸਤੂਨਿਸ਼ਠ ਪ੍ਰਸ਼ਨ | 30 ਅੰਕ |
| (ੳ) | ਬਹੁਚੋਣਵੇਂ ਪ੍ਰਸ਼ਨ | 5×1= 5 ਅੰਕ |
| (ਅ) | ਖ਼ਾਲੀ ਥਾਂਵਾਂ ਭਰੋ | 5×1= 5 ਅੰਕ |
| (ੲ) | ਮਿਲਾਣ ਕਰੋ | 5×1= 5 ਅੰਕ |
| (ਸ) | ਸਹੀ/ਗ਼ਲਤ | 5×1= 5 ਅੰਕ |
| (ਹ) | ਵਾਕ ਪੂਰਾ ਕਰੋ | 5×1= 5 ਅੰਕ |
| (ਕ) | ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦੇਣ ਵਾਲੇ ਪ੍ਰਸ਼ਨ | 5×1= 5 ਅੰਕ |

ਪ੍ਰ.3 ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਲਗ-ਪਗ 200 ਸ਼ਬਦਾਂ ਵਿੱਚ ਲੇਖ ਲਿਖਣ ਲਈ ਕਿਹਾ ਜਾਵੇਗਾ। ਵਿਸ਼ਾ-ਵਸਤੂ ਦੇ 2 ਅੰਕ ਅਤੇ 5 ਅੰਕ ਪ੍ਰਗਟਾਅ, (ਵਿਸ਼ਾ ਵਸਤੂ ਦੀ ਤਰਤੀਬ, ਸਪਸ਼ਟਤਾ, ਸ਼ਬਦਾਵਲੀ,ਮੁਹਾਵਰੇ ਆਦਿ) ਦੇ ਹਨ। 2+5= 7 ਅੰਕ

ਪ੍ਰ.4 ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਓਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ। ਅਰੰਭ ਦਾ 1 ਅੰਕ,ਮੱਧ ਦੇ 3 ਅੰਕ ਅਤੇ ਅੰਤ ਦਾ 1 ਅੰਕ ਹੈ। 5×1=5 ਅੰਕ

ਪ੍ਰ.5 ਲਗ-ਪਗ 150 ਸ਼ਬਦਾਂ ਦਾ ਇੱਕ ਪੈਰਾ ਦੇ ਕੇ ਉਸ ਨੂੰ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਕਰਨ ਲਈ ਕਿਹਾ ਜਾਵੇਗਾ। ਇਸ ਦਾ ਇੱਕ ਸਿਰਲੇਖ ਵੀ ਲਿਖਣਾ ਹੋਵੇਗਾ ਸੰਖੇਪ ਰਚਨਾ ਦੇ 3 ਅੰਕ ਅਤੇ ਸਿਰਲੇਖ ਦਾ 1 ਅੰਕ ਹੋਵੇਗਾ। 1+3=4 ਅੰਕ

ਪ੍ਰ.6 ਨਿਯਤ ਪਾਠ-ਪੁਸਤਕ ਤੋਂ ਬਾਹਰੋਂ ਲਗ-ਪਗ 150 ਸ਼ਬਦਾਂ ਦਾ ਇੱਕ ਪੈਰਾ ਦੇ ਕੇ ਉਸ ਦੇ ਵਿਸ਼ਾ-ਵਸਤੂ ਬਾਰੇ ਚਾਰ ਪ੍ਰਸ਼ਨ ਪੁੱਛੇ ਜਾਣਗੇ ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ 1×4=4 ਅੰਕ

ਪ੍ਰ.7 5 ਮੁਹਾਵਰੇ ਦੇ ਕੇ ਇਹਨਾਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤਣ ਲਈ ਕਿਹਾ ਜਾਵੇਗਾ ਕਿ ਅਰਥ ਸਪਸ਼ਟ ਹੋ ਜਾਣ। ਵੱਖਰੇ ਅਰਥ ਨਹੀਂ ਪੁੱਛੇ ਜਾਣਗੇ। 3×2=6 ਅੰਕ

ਪ੍ਰ.8 ਇੱਕ ਅਜਿਹਾ ਪੈਰਾ ਜਾਂ ਕੁਝ ਵਾਕ ਦਿੱਤੇ ਜਾਣਗੇ, ਜਿਨ੍ਹਾਂ ਵਿੱਚ ਚਾਰ ਵਿਸਰਾਮ- ਚਿੰਨ੍ਹ ਲੱਗ ਸਕਦੇ ਹੋਣ, ਢੁਕਵੇਂ ਵਿਸਰਾਮ ਚਿੰਨ੍ਹ 1/2 ਅੰਕ ਦਾ ਹੋਵੇਗਾ। 4×1/2=2 ਅੰਕ

ਪ੍ਰ.9 ਕੋਈ ਇੱਕ ਵਾਕ ਦੇ ਕੇ ਉਸ ਵਿਚਲੇ ਨਾਂਵ,ਪੜਨਾਂਵ ਸ਼ਬਦਾਂ ਦੇ ਵਚਨ ਅਤੇ ਲਿੰਗ ਬਦਲ ਕੇ ਦੋ ਵੱਖਰੇ- ਵੱਖਰੇ ਵਾਕਾਂ ਵਿੱਚ ਮੁੜ ਲਿਖਣ ਲਈ ਕਿਹਾ ਜਾਵੇਗਾ। ਹਰੇਕ ਵਾਕ ਦਾ 1-1 ਅੰਕ ਹੋਵੇਗਾ। 1+1=2 ਅੰਕ